# ਸਿੱਖ

# ਆਪਣੀ ਅਰਦਾਸ

# ਵਾਰ ਸ੍ਰੀ ਭਗੌਤੀ ਜੀ ਕੀ

# ਭਲਾ ਕਿਸ ਅਗੇ ਕਰਦੇ ਹਨ ?



**ਯਾ** **ੴ**

ਦੇਵੀ **ਦੁਰਗਾ ਅਗੇ ?** **ਯਾ** **ੴ ਅਗੇ ?**

**ਪੜ੍ਹ ਕੇ ਕਰੋ, . . . ਤੁਸੀਂ ਫੈਸਲਾ ।**

ਆਪਣੀ ਆਮ ਜਵਿਨ ਦੌੜ ਵਿਚ, ਜਦ ਵੀ ਆਪਾਂ ਕਿਸੇ ਕੋਲੋਂ ਕੋਈ ਵਡਾ ਕੰਮ ਕਰਾਉਣਾ ਹੋਵੇ । ਤਾਂ ਸਭ ਤੋਂ ਪ੍ਰਹਿਲਾ ਆਪਾਂ ਇਹ ਸੋਚਦੇ ਹਾਂ, ਕਿ ਆਪਾਂ, ਆਪਣੀ ਅਰਦਾਸ/ਬੇਨਤੀ ਦੀ ਅਰਜ਼ੀ ਕਿਸ ਸਾਹਿਬ ਕੋਲ ਲੈ ਕੇ ਜਾਣੀ ਹੈ । ਤੇ ਫਿਰ, ਜੇ ਤਾਂ ਉਹ ਸਾਹਿਬ ਸਾਫ ਸੁਥਰਾ ਹੋਵੇ । ਤਾਂ ਆਪਾਂ ਸਿਧੇ ਉਸ ਕੋਲ ਜਾਂਦੇ ਹਾਂ । ਤੇ ਕੰਮ ਹੋ ਜਾਂਦਾ ਹੈ । ਨਹੀਂ ਤਾਂ ਚਪੜਾਸੀਆਂ, ਕਲਰਕਾਂ, ਤੇ ਵਢੀਖੋਰ ਸਫਾਰਸ਼ੀਆ ਦਿਆਂ ਘੁਮਣ ਘੇਰੀਆਂ ਵਿਚ ਫਸ ਕੇ ਸਾਰਾ ਸਮਾਂ ਗੁਆਉਣ ਤੋਂ ਬਾਦ ਵੀ ਗੱਲ ਕਿਸੇ ਸਿਰੇ ਨਹੀਂ ਚੜ੍ਹਦੀ । ਤੇ ਅੰਤ 'ਚ ਨਿਰਾਸ਼ਾ ਹੀ ਪੱਲੇ ਪੈਂਦੀ ਹੈ ।

ਬੱਸ ਇਹੋ ਹੀ ਹਾਲ ਹੈ, ਧਾਰਮਿਕ ਖੇਤਰ ਵਿਚ ਵੀ । ਜਿਸ ਵਿਚ ਕਿ, ਜੇ ਤਾਂ ਕਿਸੇ ਸਿੱਖ ਗੁਰੂ ਸਾਹਿਬਾਨ ਵਰਗੇ ਰਹਿਬਰਾਂ ਦੀ ਗੱਲ ਸੁਣ ਕੇ, ਆਪਾਂ ਆਪਣਾ ਸਿਧਾ ਕੁਨੈਕਸ਼ਨ ਗੁਰੂ ਸਾਹਿਬ ਦੇ ਦਰਸਾਏ ਵਡੇ ਸਾਹਿਬ **'ੴ'** ਨਾਲ ਜੋੜ ਲੈਂਦੇ ਹਾਂ । ਤਾਂ ਜ਼ਿੰਦਗੀ ਦਾ ਰਾਹ ਪਧੱਰਾ ਹੋ ਜਾਂਦਾ ਹੈ । ਨਹੀਂ ਤਾਂ ਦੂਜੇ ਪਾਸੇ, ਜੇ ਆਪਣੇ ਅਣਜਾਣਪੁਣੇ ਵਿਚ, ਆਪਾਂ ਕਿਸੇ **ਚਪੜਾਸੀ** ਨੂੰ ਵਡਾ ਸਾਹਿਬ ਸਮਝ ਕੇ, ਕਿਸੇ ਦੇ ਕਹੇ, ਉਸ ਦੇ ਪਿਛੇ ਲਗੇ ਫਿਰਦੇ ਰਹੀਏ । ਅਤੇ ਆਪਣੇ ਇਸ ਮੂਰਖਪੁਣੇ ਬਾਰੇ ਕਿਸੇ ਦੀ ਵੀ ਗੱਲ ਸੁਣਨ ਨੂੰ ਤਿਆਰ ਨ ਹੋਈਏ । ਤਾਂ ਨੁਕਸਾਨ ਹੋਣਾ, ਕੋਈ ਅਜੀਬ ਗਲ ਨਹੀਂ । ਇਸ ਲਈ, ਜਦੋਂ ਵੀ ਇਸ ਤਰਾਂ ਦੀ ਸਥਿਤੀ ਦੀ ਕੋਈ ਝੱਲਕ ਕਦੇ ਪੈਂਦੀ ਦਿਸੇ, ਤਾਂ ਇਸ ਤਰਾਂ ਦੀ ਗਲ ਨੂੰ ਵਿਚਾਰਣ 'ਚ ਕੋਈ ਨੁਕਸਾਨ ਨਹੀਂ ਹੁੰਦਾ ।

ਸੋਈ, ਅਜਕੱਲ ਦੇ ਕਥਿਤ ਦਸਮ-ਗ੍ਰੰਥ ਦੇ ਰੌਲੇ ਵਿਚ, ਜਦੋਂ ਸਾਨੂੰ ਇਸ ਗਲ ਦਾ ਪਤਾ ਲਗਦਾ ਹੈ । ਕਿ ਸਾਡੀ ਪ੍ਰਚਲਤ 'ਸਿੱਖ ਰਹਿਤ ਮਰਯਾਦਾ' ਦੀ ਨਿਤਨੇਮ ਦੀ ਮਰਯਾਦਾ ਵਿਚ (ਗੁਰੂ ਗੋਬਿੰਦ ਸਿੰਘ ਸਾਹਿਬ ਦੇ ਹੁਕਮ **'ਸਭ ਸਿਖਨ ਕੋ ਹੁਕਮ ਹੈ, ਗੁਰੂ ਮਾਨਿਓ ਗ੍ਰੰਥ'** ਦੇ ਖਿਲਾਫ; ਅਤੇ ਗੁਰੂ ਗ੍ਰੰਥ ਸਾਹਿਬ ਦੇ ਹੁਕਮ **'ਠਾਕੁਰੁ ਛੋਡਿ ਦਾਸੀ ਕਉ ਸਿਮਰਹਿ ਮਨਮਖੁ ਅੰਧ ਅਗਿਆਨਾ ॥ ਹਰਿ ਕੀ ਭਗਤਿ ਕਰਹਿ ਤਿਨ ਨਿੰਦਹਿ ਨਿਗੁਰੇ ਪਸੂ ਸਮਾਨਾ ॥੨॥' ਦੇ ਖਿਲਾਫ) ਅੱਧ ਤੋਂ ਜ਼ਿਆਦਾ** ਰਚਨਾਵਾਂ, ਅਤੇ **ਪ੍ਰਚਲਤ ਅਰਦਾਸ,** ਕਥਿੱਤ ਦਸਮ ਗ੍ਰੰਥ (ਜਿਸ ਦਾ ਅਸਲੀ ਨਾਮ ਬਚਿਤ੍ਰ ਨਾਟਕ ਗ੍ਰੰਥ ਹੈ) ਵਿਚੋਂ ਹਨ । ਤਾਂ ਖਤਰੇ ਦੀ ਘੰਟੀ ਵਜਣੀ ਸੁਭਾਬਿਕ ਜਹੀ ਗਲ ਹੋਣੀ ਚਾਹੀਦੀ ਹੈ । ਸੋ ਆਓ ਪੜਚੋਲੀਏ, ਕਿ ਆਪਾਂ, ਸਾਰਾ ਸਿੱਖ ਜਗਤ, ਕਿਸੇ ਦੇ ਪਾਏ ਹੋਏ ਭੁਲੇਖੇ ਥਲੇ, ਕਿਧਰੇ, ਵਡੇ **ਸਾਹਿਬ 'ੴ'** ਦੇ ਥਾਂ, ਕਿਸੇ **'ਦੁਰਗਾ/ਭਗੌਤੀ'** ਨਾਮੀ **ਦਾਸੀ** ਨੂੰ ਹੀ ਤਾ ਨਹੀਂ ਆਪਣੀਆਂ ਅਰਦਾਸਾਂ ਕਰੀ ਜਾਂਦੇ ?

## ਪ੍ਰਚਲਤ ਸਿਖ ਅਰਦਾਸ: 'ਵਾਰ ਸ੍ਰੀ ਭਗੌਤੀ ਜੀ ਕੀ ।' ਦੇ ਕਰਤਾ ।

### . . . ਕੀ ਗੁਰੂ ਗੋਬਿੰਦ ਸਿੰਘ ਸਾਹਿਬ ਹਨ?

**ਸਿਖ ਅਰਦਾਸ: 'ਵਾਰ ਸ੍ਰੀ ਭਗੌਤੀ ਜੀ ਕੀ ।' ਦੇ ਸਿਰਲੇਖ ਅਤੇ ਅੰਤਕਾ ਦੇ ਦਰਸ਼ਣ:**
**ਸਿਰਲੇਖ - ਸਿਖ ਅਰਦਾਸ ਵਾਲੀ ਵਾਰ ਦਾ: . . .**

ੳ) **ਵਰਤਮਾਨ** '(ਕਥਿਤ) ਸ੍ਰੀ ਦਸਮ ਗ੍ਰੰਥ' ਮੁਤਾਬਿਕ, (ਜਿਸ ਵਿਚੋਂ ਕਿ ਪ੍ਰਚਲਤ ਸਿਖ ਅਰਦਾਸ ਲਈ ਗਈ ਹੈ), :
ੴ ਵਾਹਿਗੁਰੂ ਜੀ ਕੀ ਫਤਹ ॥ **ਸ੍ਰੀ ਭਗੌਤੀ ਜੀ ਸਹਾਇ** ॥
ਵਾਰ ਸ੍ਰੀ ਭਗੌਤੀ ਜੀ ਕੀ ਪਾਤਸ਼ਾਹੀ ੧੦ ॥ ਪ੍ਰਿਥਮ ਭਗੌਤੀ ਸਿਮਰਿ ਕੈ
. . . (ਕਥਿਤ-ਦਗ, ਪੰਨਾ ੧੧੯)

ਅ) **ਪੁਰਾਤਨ** '(ਕਥਿਤ) ਸ੍ਰੀ ਦਸਮ ਗ੍ਰੰਥ' ਮੁਤਾਬਿਕ;
**ਵਾਰ ਦੁਰਗਾ ਕੀ** ੴ ਸਤਿਗੁਰ ਪ੍ਰਸਾਦਿ ।
ਅਬ **ਵਾਰ ਦੁਰਗਾ** ਕੀ ਲਿਖਿਯਤੇ । ਪਾਤਸ਼ਾਹੀ ੧੦ । ਪਉੜੀ । ਪ੍ਰਿਥਮ ਭਗਉਤੀ ਸਿਮਰਿ ਕੈ
. . . (ਪੁਰਾਤਨ ਕਥਿਤ-ਦਗ, ਪੰਨਾ ੧੫੭)
(Ref: . . . ਇੰਟਰਨੈਟ ਤੇ ਦੇਖਣ ਲਈ ਹੇਠਲੀ ਐਕਸਟੈਨਸ਼ਨ ਤੇ ਕਲਿਕ ਕਰੋ ਜੀ)

https://www.giankharag.com/dasam? After Chandi Charitr-2 Vaar Durga Kee page=158

**ਅੰਤਕਾ - ਸਿਖ ਅਰਦਾਸ ਵਾਲੀ ਵਾਰ ਦਾ: . . .**

ੲ) **ਵਰਤਮਾਨ** '(ਕਥਿਤ) ਸ੍ਰੀ ਦਸਮ ਗ੍ਰੰਥ' ਮੁਤਾਬਿਕ,
**ਦੁਰਗਾ ਪਾਠ** ਬਣਾਇਆ ਸਭੇ ਪਉੜੀਆ। ਫੇਰਿ ਨ ਜੂਨੀ ਆਇਆ ਜਿਨਿ ਇਹਿ ਗਾਇਆ।੫੫।

ਸ) ***ਪੁਰਾਤਨ** '(ਕਥਿਤ) ਸ੍ਰੀ ਦਸਮ ਗ੍ਰੰਥ' ਮੁਤਾਬਿਕ;
**ਦੁਰਗਾ ਪਾਠ** ਬਣਾਇਆ ਸਭੇ ਪਉੜੀਆ। ਫੇਰਿ ਨ ਜੂਨੀ ਆਇਆ ਜਿਨਿ ਇਹਿ ਗਾਇਆ।੫੫।
ਇਤਿ **ਸ੍ਰੀ ਦੁਰਗਾ ਕੀ ਵਾਰ** ਸਮਾਪਤੰ ਸਤੁ ਸੁਭਮ ਸਤੁ ।

(* ਨੋਟ: . ਇਹ ਪੁਰਾਤਨ ਗ੍ਰੰਥ, ਉਹ ਪ੍ਰਸਿਧ ਗ੍ਰੰਥ ਹੈ । ਜੋ ਕਿ ਸ: ਜਗੀ ਨੇ ਆਪਣੇ ਉਲਥਾ ਕਰਨ ਵਾਲੇ 'Research project' ਵਿਚ ਵਰਤਿਆ ਹੈ । )

**ਸਵਾਲ ੧:** . . . ਵਰਤਮਾਨ (ਕਥਿਤ ਸੁਧਾਈ ਕੀਤੇ) ਅਤੇ ਪੁਰਾਤਨ ਗ੍ਰੰਥਾਂ ਦੇ ਸਿਰਲੇਖਾਂ ਅਤੇ ਅੰਤਕਾਵਾਂ 'ਚ, ਕਿਉਂ ਹੈ ਫਰਕ? ਕੀ ਇਹ, ਪੁਰਾਤਨ ਗ੍ਰੰਥ ਦੇ ਅਖੱਰ **'ਦੁਰਗਾ'** ਨੂੰ ਲਕੋਣ ਦੀ, ਸਾਜਿਸ਼ ਨਹੀਂ ? ਜਿਸ ਨਾਲ ਕਿ ਸਿਖਾਂ ਨੂੰ ਭੁਲੇਖਾ ਪਾਉਣ ਲਈ ਅਖਰ **'ਦੁਰਗਾ'** ਨੂੰ ਅਖਰ **'ਭਗੌਤੀ'** ਵਿਚ ਬਦਲ ਕੇ, ਇਹ **ਕਾਮਯਾਬ ਭੁਲੇਖਾ** ਪਾਇਆ ਗਿਆ ਹੈ; ਕਿ ਜਿਸ **ਭਗੌਤੀ** ਅਗੇ ਸਿੱਖ ਅਰਦਾਸ ਕਰ ਰਹੇ ਹਨ । ਉਹ ਅਸਲ ਵਿਚ ਗੁਰੂ ਗ੍ਰੰਥ ਸਾਹਿਬ ਹੀ ਵਾਲਾ ਵਡਾ ਸਾਹਿਬ **'ੴ'** ਹੈ । ਅਤੇ ਕੋਈ ਹੋਰ **ਦੁਰਗਾ** ਆਦਿਕ ਨਾਮ ਦੀ ਦੇਵੀ ਨਹੀਂ । . . . ਜੋ ਕਿ ਥਾਂ ਥਾਂ ਤੇ ਲਿਖੇ ਅਖਰ **'ਦੁਰਗਾ'** ਦੀ ਹੋਂਦ ਕਾਰਣ **ਸੁੱਧਾ ਹੀ ਝੂਠ** ਹੈ, ਅਤੇ ਸਚਾਈ ਤੋਂ ਕੋਹਾਂ ਦੂਰ ਹੈ ।

ਕੀ ਸਿਖਾਂ ਦੇ, ਕਿਸੇ ਵੀ ਮੱਖੀ ਤੇ ਮੱਖੀ ਮਾਰ ਸਕੌਲਰ (scholar) ਯਾ ਰੌਲਾ ਪਾਊ ਲੀਡਰ ਨੂੰ ਐਡੀ ਵਡੀ ਖਤਰੇ ਦੀ ਘੰਟੀ ਖੜਕਦੀ, ਕਦੀ ਵੀ ਨਹੀਂ ਸੁਣੀ ? ਜਿਸ ਕਾਰਣ ਕਿ ਸਾਰਾ ਸਿਖ ਜਗਤ ਇਹ ਵੀ ਦੇਖਣ, ਸਮਝਣ, ਯਾ ਸੋਚਣ ਜੋਗਾ ਵੀ ਨਹੀਂ ਰਿਹਾ । ਕਿ, ਕੀ ਉਹ ਆਪਣੀ ਅਰਦਾਸ ਗੁਰੂ ਨਾਨਕ ਸਾਹਿਬ ਦੇ ਦਰਸਾਏ ਸਾਰਿਆਂ ਤੋਂ ਵਡੇ ਸਾਹਿਬ **'ੴ'** ਕੋਲ ਕਰ ਰਿਹਾ ਹੈ ? ਯਾ, ਕਿਸੇ ਦੇ ਪਿਛੇ ਲਗ ਕੇ ਕਿਸੇ, **ਦੁਰਗਾ ਦਾਸੀ** ਕੋਲ ! . . . **ਠਾਕੁਰੁ ਛੋਡਿ ਦਾਸੀ ਕਉ ਸਿਮਰਹਿ ਮਨਮੁਖੁ ਅੰਧ ਅਗਿਆਨਾ ॥ ਹਰਿ ਕੀ ਭਗਤਿ ਕਰਹਿ ਤਿਨ ਨਿੰਦਹਿ ਨਿਗੁਰੇ ਪਸੂ ਸਮਾਨਾ ॥੨॥ . . . (ਸਗਗਸ: ਪੰਨਾ ੧੧੩੮)**

ਕੀ ਗੁਰੂ ਨਾਨਕ ਸਾਹਿਬ ਦੀ ਦਸਵੀ ਜੋਤਿ, **ਗੁਰੂ ਗੋਬਿੰਦ ਸਿੰਘ ਸਾਹਿਬ,** ਅਪਣੇ ਸਿਖਾਂ ਨੂੰ, ਕਿਸੇ **ਦੁਰਗਾ ਨਾਮੀ ਦਾਸੀ** ਦੇ ਪਿਛੇ ਲਾਉਣ ਦੀ ਗਲਤੀ ਕਰ ਸਕਦੇ ਹਨ? . . . ਕਦਾਚਿਤ ਨਹੀਂ। ਇਸ ਲਈ ਆਉ, ਤਾਕਿ ਸਿਖਾਂ ਦੀ ਅਸਲੀ ਅਰਦਾਸ ਦੇ ਦਰਸ਼ਣ ਕਰੀਏ।

## ਸਿੱਖਾਂ ਦੀ ਅਸਲੀ ਅਰਦਾਸ: . . .

ਇਹ ਵੀ ਇਕ ਬੜੀ ਰੋਚਕ ਸਚਾਈ ਹੈ। ਕਿ ਕਈ ਬਾਰੀ ਸਾਹਮਣੇ ਪਈ ਪ੍ਰਤੱਖ ਚੀਜ਼ ਨਜ਼ਰ ਨਹੀਂ ਆਉਂਦੀ। ਇਹ ਹੀ ਗਲ ਹੈ '**ਸਿੱਖਾਂ ਦੀ ਅਸਲੀ ਅਰਦਾਸ' ਦੀ।** ਜੋ ਕਿ ਐਸ ਵੇਲੇ ਕਈ ਚਿਰਾਂ ਤੋਂ ਕਿਸੇ ਖੂੰਜੇ ਵਿਚ, ਖੁਡੇ ਲਾਈਨ ਲਗੀ ਬੈਠੀ ਹੈ। ਪਰ ਦੁਸ਼ਮਣ ਦੀਆਂ ਸਾਰੀਆਂ ਕੋਸ਼ਸ਼ਾਂ ਦੇ ਬਾਬਜੂਦ ਵੀ ਕਿਧਰੇ ਗਈ ਨਹੀਂ। ਅਤੇ ਹਾਲੇ ਤਾਈਂ ਵੀ ਅੜੀ ਬੈਠੀ ਹੈ। ਅਤੇ ਇਹ ਹੈ, ਉਹ **ਅਰਦਾਸ**।

> **"ੴ ਸਤਿਗੁਰ ਪਰ੍ਸਾਦਿ ॥ ਗਉੜੀ ਸੁਖਮਨੀ ਮਃ ੫ ॥ . . . ਤੂ ਠਾਕੁਰੁ ਤੁਮ ਪਹਿ ਅਰਦਾਸਿ ॥ ਜੀਉ ਪਿੰਡੁ ਸਭੁ ਤੇਰੀ ਰਾਸਿ ॥ ਤੁਮ ਮਾਤ ਪਿਤਾ ਹਮ ਬਾਰਿਕ ਤੇਰੇ ॥ ਤੁਮਰੀ ਕਿਰ੍ਪਾ ਮਹਿ ਸੂਖ ਘਨੇਰੇ ॥ ਕੋਇ ਨ ਜਾਨੈ ਤੁਮਰਾ ਅੰਤੁ ॥ ਊਚੇ ਤੇ ਊਚਾ ਭਗਵੰਤ ॥ ਸਗਲ ਸਮਗਰ੍ਹੀ ਤੁਮਰੈ ਸੂਤ੍ਰਿ ਧਾਰੀ ॥ ਤੁਮ ਤੇ ਹੋਇ ਸੁ ਆਗਿਆਕਾਰੀ ॥ ਤੁਮਰੀ ਗਤਿ ਮਿਤਿ ਤੁਮ ਹੀ ਜਾਨੀ ॥ ਨਾਨਕ ਦਾਸ ਸਦਾ ਕੁਰਬਾਨੀ ॥੮॥੪॥" . . . (ਸਗਗਸ ਪੰਨਾ ੨੬੮)**
>
> **ਦਸੋ ਪਾਤਸ਼ਾਹ; . . . ਗੁਰੂ ਨਾਨਕ ਸਾਹਿਬ, ਗੁਰੂ ਅੰਗਦ ਸਾਹਿਬ, ਗੁਰੂ ਅਮਰਦਾਸ ਸਾਹਿਬ, ਗੁਰੂ ਰਾਮਦਾਸ ਸਾਹਿਬ, ਗੁਰੂ ਅਰਜਨ ਸਾਹਿਬ, ਗੁਰੂ ਹਰਗੋਬਿੰਦ ਸਾਹਿਬ, ਗੁਰੂ ਹਰਿਰਾਏ ਸਾਹਿਬ, ਗੁਰੂ ਹਰਕਿਸ਼ਨ ਸਾਹਿਬ, ਗੁਰੂ ਤੇਗ ਬਹਾਦੁਰ ਸਾਹਿਬ, ਅਤੇ ਗੁਰੂ ਗੋਬਿੰਦ ਸਿੰਘ ਸਾਹਿਬ ਜੀਓ। . . . ਸਭ ਥਾਈ ਹੋਣਾ ਜੀ ਸਹਾਇ।**
>
> ਦਸਾਂ ਪਾਤਸ਼ਾਹੀਆਂ ਦੀ ਜੋਤ ਸ੍ਰੀ ਗੁਰੂ ਗ੍ਰੰਥ ਸਾਹਿਬ ਦੇ ਪਾਠ ਦੀਦਾਰ ਦਾ ਧਿਆਨ ਧਰ ਕੇ ਬੋਲੋ ਜੀ, ਵਾਹਿਗੁਰੂ . . . ਪੰਜਾਂ ਪਿਆਰਿਆਂ . . . ਆਦਿਕ। ਜਿਸ ਤਰਾਂ ਹੈ।

**ਸੋਈ ਆਉ, ਤੇ ਆਪਣਾ ਆਪ ਪੜਚੋਲੀਏ। ਤੇ ਜੇ ਆਪਾਂ ਹੋਰ ਕੁਝ ਵੀ ਕਰਨ ਜੋਗੇ ਨਹੀਂ ਰਹੇ। ਤਾਂ ਘਟੋ ਘਟ ਆਪਣੀ ਅਰਦਾਸ ਤਾਂ ਠੀਕ ਸਾਹਿਬ ਕੋਲ ਕਰਨੀ ਸਿਖ ਲਈਏ। ਤਾਕਿ ਆਪਣੀ ਵਰਤਮਾਨ ਗੱਡੀ, ਪੂਰੀ ਸਪੀਡ ਨਾਲ ਬਨਾਰਸ ਨੂੰ ਜਾਣ ਦੀ ਬਜਾਏ ਮਾੜਾ ਮੋਟਾ ਆਪਣਾ ਮੂੰਹ ਅਨੰਦ ਪੁਰ ਸਾਹਿਬ ਵਲ ਨੂੰ ਕਰ ਲਵੇ। ਅਤੇ ਆਪਾਂ ਗੁਰੂ ਸਾਹਿਬਾਨ ਦੇ ਹੇਠ ਲਿਖੇ ਹੁਕਮਾਂ ਦੀ ਉਲੰਙਣਾ ਬੰਦ ਕਰਕੇ ਉਨਹਾਂ ਦੇ ਦਾਇਰੇ ਵਿਚ ਆ ਜਾਈਏ।**

### "ਸਭ ਸਿਖਨ ਕੋ ਹੁਕਮ ਹੈ। ਗੁਰੂ ਮਾਨਿਓ ਗ੍ਰੰਥ ॥"

**"ਸਤਿਗੁਰੂ ਬਿਨਾ ਹੋਰ ਕਚੀ ਹੈ ਬਾਣੀ ॥ ਬਾਣੀ ਤ ਕਚੀ ਸਤਿਗੁਰੂ ਬਾਝਹੁ ਹੋਰ ਕਚੀ ਬਾਣੀ ॥ ਕਹਦੇ ਕਚੇ ਸੁਣਦੇ ਕਚੇ ਕਚਂੀ ਆਖਿ ਵਖਾਣੀ ॥ ਹਰਿ ਹਰਿ ਨਿਤ ਕਰਹਿ ਰਸਨਾ ਕਹਿਆ ਕਛੂ ਨ ਜਾਣੀ ॥ ਚਿਤੁ ਜਿਨ ਕਾ ਹਿਰਿ ਲਇਆ ਮਾਇਆ ਬੋਲਨਿ ਪਏ ਰਵਾਣੀ ॥ ਕਹੈ ਨਾਨਕੁ ਸਤਿਗੁਰੂ ਬਾਝਹੁ ਹੋਰ ਕਚੀ ਬਾਣੀ ॥੨੪॥ {ਸਗਗਸ ਪੰਨਾ 920}"**

**"ਠਾਕੁਰੁ ਛੋਡਿ ਦਾਸੀ ਕਉ ਸਿਮਰਹਿ ਮਨਮਖੁ ਅੰਧ ਅਗਿਆਨਾ ॥ ਹਰਿ ਕੀ ਭਗਤਿ ਕਰਹਿ ਤਿਨ ਨਿੰਦਹਿ ਨਿਗੁਰੇ ਪਸੂ ਸਮਾਨਾ ॥੨॥ (ਸਗਗਸ ਪੰਨਾ ੧੧੩੮)"**